# ਏਕਤਾ ਵਿੱਚ ਬਲ (ਤਿੰਨ ਗਾਂਵਾਂ ਅਤੇ ਦੋ ਚੀਤੇ)

ਜੰਗਲ ਵਿੱਚ ਤਿੰਨ ਗਾਂਵਾਂ ਰਹਿੰਦੀਆਂ ਸਨ। ਉਹ ਆਪਿਸ ਵਿੱਚ ਪੱਕੀਆਂ ਸਹੇਲੀਆਂ ਸਨ। ਉਹ ਇੱਕਠੀਆਂ ਰਹਿੰਦੀਆਂ ਸਨ ਅਤੇ ਇੱਕਠੀਆਂ ਘਾਹ ਚਰਦੀਆਂ ਸਨ ਤਾਂ ਕਿ ਕੋਈ ਹੋਰ ਜੰਗਲੀ ਜਾਨਵਰ ਉਹਨਾਂ ਨੂੰ ਖਾ ਨਾ ਸਕੇ। ਇੱਕ ਦਿਨ ਉਹ ਆਪਿਸ ਵਿੱਚ ਲੜ ਪਈਆਂ। ਉਹ ਵੱਖ ਵੱਖ ਪਾਸੇ ਘਾਹ ਚਰਨ ਚੱਲੀਆਂ ਗਈਆਂ। ਦੋ ਚੀਤੇ ਉਹਨਾਂ ਨੂੰ ਵੇਖ ਕੇ ਖੁਸ਼ ਹੋ ਗਏ, ਕਿਉਂਕਿ ਉਹ ਇੱਕਲੀ ਇੱਕਲੀ ਗਾਂ ਨੂੰ ਆਸਾਨੀ ਨਾਲ ਖਾ ਸਕਦੇ ਸਨ। ਚੀਤਿਆਂ ਨੇ ਵਾਰੀ-ਵਾਰੀ ਤਿੰਨਾਂ ਗਾਂਵਾਂ ਤੇ ਹਮਲਾ ਕੀਤਾ ਤੇ ਉਹਨਾਂ ਨੂੰ ਖਾ ਗਏ।

**ਸਿੱਖਿਆ:** ਏਕਤਾ ਵਿੱਚ ਬਲ ਹੈ।